# ਮਾਡਲ ਪ੍ਰਸ਼ਨ-ਪੱਤਰ
## ਜਮਾਤ : ਬਾਰ੍ਹਵੀਂ
## ਵਿਸ਼ਾ : ਪੰਜਾਬੀ
## Set – C

**ਕੋਡ : 532** **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

### ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ:** 5

ਝੂਠ ਬੋਲਣਾ ਪਾਪ ਮੰਨਿਆ ਗਿਆ ਹੈ ਤੇ ਸੱਚ ਬੋਲਣਾ ਇਕ ਵੱਡਾ ਧਰਮ ਹੈ। ਇਸ ਸਿੱਟੇ ਨੂੰ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਕੋਈ ਸਮਝਦਾਰ ਮਨੁੱਖ ਖੰਡਨ ਕਰਨ ਦਾ ਯਤਨ ਭਲਾ ਕਿਉਂ ਕਰੇਗਾ? ਪਰ ਫੇਰ ਇਸ ਸਿਧਾਂਤ ਬਾਰੇ ਕਈ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਆਖੇ ਬਿਨਾ ਜ਼ਬਾਨ ਨਹੀਂ ਰੁਕ ਸਕਦੀ ਤੇ ਜਿਨ੍ਹਾਂ ਨੂੰ ਵਰਣਨ ਕਰਨਾ ਮਨੁੱਖੀ ਸੋਝੀ ਦੇ ਵਾਧੇ ਲਈ ਜ਼ਰੂਰੀ ਹੈ, ਭਾਵੇਂ ਉਹਨਾਂ ਨੂੰ ਸਦਾਚਾਰ ਲਈ ਹਾਨੀਕਾਰਕ ਹੀ ਗਿਣਿਆ ਜਾਵੇ। ਝੂਠ ਮਿੱਠਾ ਹੁੰਦਾ ਹੈ, ਇਸ ਨੂੰ ਬਜ਼ੁਰਗਾਂ ਨੇ ਮੰਨਿਆ ਹੈ। ਸਿਆਣਿਆ ਦਾ ਕਥਨ ਹੈ, 'ਸਚ ਮਿਰਚਾਂ' ਤੇ 'ਝੂਠ ਗੁੜ' । ਕਿਸੇ ਭੈੜੇ ਆਦਮੀ ਨੂੰ ਭੈੜਾ ਕਹੋ, ਜ਼ਾਲਮ ਨੂੰ ਜ਼ਾਲਮ ਅਤੇ ਮੂਰਖ਼ ਨੂੰ ਮੂਰਖ਼ ਤਾਂ ਇਹ ਸੁਣ ਕੇ ਓਹ ਕ੍ਰੋਧਵਾਨ ਹੋਵੇਗਾ ਤੇ ਸਮਰੱਥਾ ਅਨੁਸਾਰ ਏਸ ਅਨਭਾਉਣੇ ਸੱਚ ਬੋਲਣ ਵਾਲੇ ਨੂੰ ਕਸ਼ਟ ਦੇਣ ਦਾ ਯਤਨ ਕਰੇਗਾ। ਇਸੇ ਲਈ ਪੁਰਾਣੇ ਸਮਿਆਂ ਵਿਚ ਜਦ ਕਦੀ ਰਾਜਿਆਂ ਤੇ ਰਈਸਾਂ ਨੂੰ ਉਹਨਾਂ ਦੀ ਕੋਈ ਗਲਤੀ ਦੀ ਚਿਤਾਵਨੀ ਦੇਣੀ ਹੁੰਦੀ ਸੀ ਤਾਂ ਉਹਨਾਂ ਦੇ ਦਰਬਾਰੀ ਨਿਕਟਵਰਤੀ ਕਿਸੇ ਸੁੰਦਰ ਜਾਂ ਮਨੋਰੰਜਕ ਝੂਠੇ ਸਵਾਂਗ ਰਾਹੀਂ ਉਨ੍ਹਾਂ ਦਾ ਧਿਆਨ ਇਸ ਪਾਸੇ ਖਿੱਚਦੇ ਹਨ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ : 5

(ੳ) ਈਮਾਨਦਾਰੀ ਦਾ ਫਲ ਮਿੱਠਾ ਹੁੰਦਾ ਹੈ

(ਅ) ਸਹਿਜ ਪਕੇ ਸੋ ਮੀਠਾ ਹੋਏ

(ੲ) ਜਿਸ ਦੀ ਲਾਠੀ ਉਸ ਦੀ ਭੈਂਸ

Downloaded from cclchapter.com

3. **ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ਇਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ ।** **5**

(ੳ) ਸ੍ਰੀ ਗੁਰੂ ਨਾਨਕ ਦੇਵ ਜੀ

(ਅ) ਦਮੋਦਰ

(ੲ) ਅੰਮ੍ਰਿਤਾ ਪ੍ਰੀਤਮ

4. **ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :** 1x5 = 5

(i) ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ-

(ੳ) 1553 ਈ: ਵਿਚ (ਅ) 1469ਈ: ਵਿਚ

(ੲ) 1534 ਈ: ਵਿਚ (ਸ) 1173 ਈ: ਵਿਚ

(ii) ਕਿਹੜੇ ਸੂਫ਼ੀ ਕਵੀ ਦੀ ਰਚਨਾ ਨਾਲ ਪੰਜਾਬੀ ਸੂਫੀ ਕਾਵਿ ਦਾ ਆਰੰਭ ਹੋਇਆ?

(ੳ) ਸ਼ੇਖ ਫ਼ਰੀਦ ਜੀ (ਅ) ਸ਼ਾਹ ਹੁਸੈਨ

(ੲ) ਬੁੱਲ੍ਹੇ ਸ਼ਾਹ (ਸ) ਸੁਲਤਾਨ ਬਾਹੂ

(iii) ਵਾਰਿਸ਼ ਸ਼ਾਹ ਦੀ ਪ੍ਰਸਿੱਧ (ਸ਼ਾਹਕਾਰ) ਰਚਨਾ ਕਿਹੜੀ ਹੈ?

(ੳ) ਸੱਸੀ-ਪੁੰਨੂ (ਅ) ਮਿਰਜ਼ਾ-ਸਾਹਿਬਾ

(ੲ) ਹੀਰ-ਰਾਂਝਾ (ਸ) ਸੋਹਣੀ-ਮਹਿਵਾਲ

(iv) ਬੁੱਲ੍ਹੇ ਸ਼ਾਹ ਕਿਸ ਸਦੀ ਵਿਚ ਹੋਇਆ?

(ੳ) ਅਠਾਰ੍ਹਵੀਂ (ਅ) ਸਤਾਰ੍ਹਵੀਂ

(ੲ) ਸੋਲ੍ਹਵੀਂ (ਸ) ਪੰਦਰ੍ਹਵੀਂ

(v) ਦਮੋਦਰ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ?

(ੳ) ਦੁਖਾਂਤ (ਅ) ਸੁਖਾਂਤ

(ੲ) ਦੁਖਾਂਤ-ਸੁਖਾਂਤ (ਸ) ਵਿਅੰਗਾਤਮਿਕ

5. **ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :** 1x5= 5

(i) ਭਾਈ ਵੀਰ ਸਿੰਘ ਨੇ ਕਿਸ ਮਹਾਂਕਾਵਿ ਦੀ ਰਚਨਾ ਕੀਤੀ?

(ੳ) ਏਸ਼ੀਆ ਦਾ ਚਾਨਣ (ਅ) ਮਰਦ ਅਗੰਮੜਾ

(ੲ) ਨਾਨਕਾਇਣ (ਸ) ਰਾਣਾ ਸੂਰਤ ਸਿੰਘ

(ii) ਪ੍ਰੋ: ਪੂਰਨ ਸਿੰਘ ਨੇ ਬਹੁਤੀ ਰਚਨਾ ਕਿਸ ਭਾਸ਼ਾ ਵਿਚ ਕੀਤੀ?

(ੳ) ਅੰਗ੍ਰੇਜ਼ੀ (ਅ) ਹਿੰਦੀ

(ੲ) ਪੰਜਾਬੀ (ਸ) ਉਰਦੂ

Downloaded from cclchapter.com

(iii) ਅੰਮ੍ਰਿਤਾ ਪ੍ਰੀਤਮ ਦੇ ਕਿਹੜੇ ਕਾਵਿ-ਸੰਗ੍ਰਹਿ (ਪੁਸਤਕ) ਨੂੰ ਗਿਆਨਪੀਠ ਪੁਰਸਕਾਰ ਪ੍ਰਾਪਤ ਹੋਇਆ?

(ੳ) ਕਾਗਜ਼ ਤੇ ਕੈਨਵਸ (ਅ) ਸੁਨੇਹੜੇ

(ੲ) ਅਸ਼ੋਕਾ ਚੇਤੀ (ਸ) ਨਾਗਮਣੀ

(iv) ਪੰਜਾਬੀ ਵਿਚ 'ਜੌਹਨ ਕੀਟਸ' ਦੀ ਉਪਾਧੀ ਕਿਸ ਲੇਖਕ ਕਵੀ ਨੂੰ ਮਿਲੀ ਹੈ?

(ੳ) ਭਾਈ ਵੀਰ ਸਿੰਘ (ਅ) ਸ਼ਿਵ ਕੁਮਾਰ

(ੲ) ਪਾਸ਼ (ਸ) ਸ. ਸ. ਮੀਸ਼ਾ

(v) ਬਲਵੰਤ ਗਾਰਗੀ ਦੀ ਰਚਨਾ ਕਿਹੜੀਹੈ?

(ੳ) ਆਰਸੀ (ਅ) ਨੰਗੀ ਧੁੱਪ

(ੲ) ਮੇਰੀ ਜੀਵਨ ਕਹਾਣੀ (ਸ) ਗਲੀਏ ਚਿਕੜਿ ਦੂਰ ਘਰਿ

**6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:** 1x5 = 5

(i) ਪ੍ਰਿ: ਸੰਤ ਸਿੰਘ ਸੇਖੋਂ ਦੇ ਕਿਸੇ ਇਕ ਨਾਟਕ ਦਾ ਨਾਂ ਲਿਖੋ।

(ii) ਸੁਜਾਨ ਸਿੰਘ ਨੂੰ ਸਾਹਿਤ ਦੇ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹੋਈ?

(iii) ਅਜੀਤ ਕੌਰ ਦਾ ਜਨਮ ਕਦੋਂ ਹੋਇਆ?

(iv) ਗੁਰਬਖ਼ਸ ਸਿੰਘ ਸਾਹਿਤ ਦਾ ਕਿਹੋ ਜਿਹਾ ਲੇਖਕ ਹੈ?

(v) ਪ੍ਰੋ: ਮੋਹਨ ਸਿੰਘ ਕਿਹੜਾ ਮਾਸਕ ਪੱਤਰ ਪ੍ਰਕਾਸ਼ਿਤ ਕਰਦਾ ਰਿਹਾ?

**ਭਾਗ - ਅ**

**7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿਚ ਦਿਓ :** 1x3 = 3

(i) 'ਬਿਨਫਸ਼ਾ ਦਾ ਫੁੱਲ' ਕਿਸ ਬਾਰੇ ਗੱਲਾਂ ਕਰਦਾ ਹੈ?

(ii) ਖੂਹ ਉਤੇ ਵਸਦਾ ਪਿੰਡ ਕਿਹੋ ਜਿਹਾ ਦਿਸਦਾ ਹੈ?

(iii) ਪਿਆਰ ਕਿਹੋ ਜਿਹੀ ਤਿਤਲੀ ਹੈ?

**8. ਹੇਠ ਲਿਖਿਆਂ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ:** 1x3 = 3

(i) 'ਸ਼ੋਭਾ-ਸ਼ਕਤੀ' ਨਾਟਕ ਕਦੋ ਲਿਖਿਆ ਗਿਆ?

(ੳ) 1960 (ਅ) 1962 (ੲ) 1964 (ਸ) 1966

Downloaded from cclchapter.com

(ii) 'ਸ਼ੋਭਾ-ਸ਼ਕਤੀ' ਨਾਟਕ ਵਿਚ ਕਿੰਨੇ ਇਸਤਰੀ ਪਾਤਰ ਹਨ?

(ੳ) ਸੱਤ (ਅ) ਛੇ (ੲ) ਪੰਜ (ਸ) ਅੱਠ

(iii) 'ਸ਼ੋਭਾ-ਸ਼ਕਤੀ' ਨਾਟਕ ਦੇ ਤਿੰਨ ਅੰਕ ਕਿਹੜੇ ਸ਼ਹਿਰ ਦੇ ਹਨ?

(ੳ) ਦਿੱਲੀ (ਅ) ਅੰਮ੍ਰਿਤਸਰ

(ੲ) ਕਲੱਕਤਾ (ਸ) ਲੁਧਿਆਣਾ

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿਚ ਲਿਖੋ:**

1x3 = 3

(i) ਵੈਦਰ ਕਰਾਫਟ ਨੇ ਜ਼ੇਮਸ ਨੂੰ ਦੁੱਖ ਦੇਣ ਬਦਲੇ ਉਸ ਨੂੰ ਕੀ ਦਿੱਤਾ ਸੀ?

(ii) ਪਿਆਰ ਵਾਲਾ ਕਿਸ ਚੀਜ਼ ਤੋਂ ਰਹਿਤ ਹੁੰਦਾ ਹੈ?

(iii) ਜਹਾਜ਼ ਵਿਚ ਬਹੁ-ਗਿਣਤੀ ਕਿਨ੍ਹਾਂ ਦਾ ਸੀ? (ਸਭਿਅਤਾ ਦੇ ਦੋ ਪੱਧਰ ਪਾਠ ਦੇ ਆਧਾਰ 'ਤੇ)

**10. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ:**

2x2 = 4

(i) ''ਇਹ ਕਿਹਾ ਮਨੁੱਖ ਹੈ?
ਸੁਹਣਾ ਕੋਈ ਭੇਤ ਹੈ ਰੱਬ ਦਾ ।''
ਉਪਰੋਕਤ ਪੰਕਤੀਆਂ ਦੇ ਪਰਸਪਰ ਵਿਰੋਧ ਨੂੰ ਸਮਝਾਓ ।

(ii) ਅੰਨ ਭਾਰ ਹੇਠ ਕੌਣ ਦੱਬਿਆ ਗਿਆ ਹੈ?

(iii) ਲੂਣਾ ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ?

**11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :** 2x2 = 4

(i) ਸਤੀਸ਼ ਅਨੁਸਾਰ ਉਸਦੇ ਬਾਪ ਦੀਨ ਦਿਆਲ ਕਪੂਰ ਦਾ ਜੀਵਨ ਕਿਹੋ ਜਿਹਾ ਸੀ?

ਜਾਂ

ਰਮੇਸ਼ ਤੇ ਸੋਭਾ ਦਾ ਝਗੜਾ ਕਿਉਂ ਹੁੰਦਾ ਹੈ?

(ii) ਰਮੇਸ਼ ਸੋਭਾ ਉੱਤੇ ਕੀ ਦੋਸ਼ ਲਾਉਂਦਾ ਹੈ?

ਜਾਂ

'ਸੋਭਾ-ਸ਼ਕਤੀ' ਨਾਟਕ ਵਿਚ ਇਸਤਰੀ (ਸੋਭਾ) ਨੂੰ ਕਿਨ੍ਹਾਂ ਤਿੰਨਾਂ ਰੂਪਾਂ ਵਿਚ ਪੇਸ਼ ਕੀਤਾ ਗਿਆ ਹੈ?

Downloaded from cclchapter.com

12. **ਹੇਠ ਲਿਖੇ ਪ੍ਰਸ਼ਨਾਂ ਵਿੱਚ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:**
2x2 = 4

(i) ਮਲਕ ਭਾਗੋ ਦੇ ਅੰਦਰ 'ਵਾਹਿਗੁਰੂ' ਸ਼ਬਦ ਕਿਸ ਤਰ੍ਹਾਂ ਟਿਕਿਆ?

(ii) ਇਹ ਕਹਿਣਾ ਕਿਉਂ ਠੀਕ ਹੈ, ''ਅਗਿਆਨਤਾ ਵਿਚ ਹੀ ਬਰਕਤ ਹੈ।''

(iii) ਲੋਕ-ਗੀਤਾਂ ਦੇ ਭੰਡਾਰ ਨੂੰ ਸੰਭਾਲਣ ਦੀ ਕਿਉਂ ਜ਼ਰੂਰਤ ਹੈ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ :** 3

'ਚਸਮੇ ਦਾ ਉੱਤਰ' ਮਨੁੱਖ ਨੂੰ ਲਗਨ ਨਾਲ ਅੱਗੇ ਵਧਣ ਲਈ ਇਕ ਸੁਨੇਹਾ ਹੈ। ਕਵਿਤਾ ਦੇ ਇਸ ਭਾਵ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

ਫਨੀਅਰ, ਸ਼ੇਰ, ਬਘਿਆੜ ਕਿਸ ਵੱਖੋਂ-ਵੱਖ ਭੈ ਦੇ ਪ੍ਰਤੀਕ ਹਨ? ('ਜੰਗਲ ਦੇ ਵਿਚ ਰਾਤ ਪਈ ਹੈ' ਕਵਿਤਾ ਦੇ ਆਧਾਰ 'ਤੇ)

14. **ਹੇਠ ਲਿਖੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ ।** 3

'ਸੋਭਾ-ਸ਼ਕਤੀ' ਨਾਟਕ ਰੰਗਮੰਚ ਉੱਤੇ ਕਿਨ੍ਹਾਂ ਕੁ ਸਫਲ ਹੋ ਸਕਦਾ ਹੈ? ਵਿਚਾਰ ਕਰੋ ।

ਜਾਂ

'ਸੋਭਾ ਸ਼ਕਤੀ' ਨਾਟਕ ਦਾ ਉਦੇਸ਼ (ਮੰਤਵ) ਕੀ ਹੈ? ਸਪੱਸ਼ਟ ਕਰੋ।

15. **ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ :** 3

(i) ਲੇਸੀ ਦੇ ਲਿਆਂਦੇ ਲਿਫਾਫੇ ਵਿੱਚੋਂ ਨਿਕਲੇ ਕਾਗਜ਼ ਵਿਚ ਕੀ ਲਿਖਿਆ ਹੋਇਆ ਸੀ?

(ii) 'ਜੇਠਾ' ਜੀ ਨਾਲ ਬੀਬੀ ਭਾਨੀ ਦੇ ਵਿਆਹ ਦੀ ਘਟਨਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

16. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** 5

ਸੁਹਣੀ ਨੇ ਅਸਮਾਨ ਖੜੋਕੇ ਧਰਤੀ ਵਲ ਤਕਾ ਕੇ,
ਇਹ ਮੁੱਠੀ ਖੁਹਲੀ ਤੇ ਸੁੱਟਿਆ ਸਭ ਕੁਝ ਹੇਠ ਤਕਾ ਕੇ
ਜਿਸ ਥਾਵੇ ਧਰਤੀ ਤੇ ਆ ਕੇ ਇਹ ਮੁੱਠ ਡਿੱਗੀ ਸਾਰੀ
ਓਸ ਬਾਉਂ 'ਕਸਮੀਰ' ਬਣ ਗਿਆ ਟੁਕੜੀ ਜੱਗ ਤੋਂ ਨਯਾਰੀ।

Downloaded from cclchapter.com

ਜਾਂ

ਅੱਜ ਮੈਂ ਆਪਣੇ ਘਰ ਦਾ ਨੰਬਰ ਮਿਟਾਇਆ ਹੈ।
ਗਲੀ ਦੇ ਮੱਥੇ ਤੇ ਲੱਗਾ,
ਗਲੀ ਦਾ ਨਾਉਂ ਹਟਾਇਆ ਹੈ।
ਤੇ ਹਰ ਸੜਕ ਦੀ ਦਿਸਾ ਦਾ ਨਾਉਂ ਪੂੰਝ ਦਿੱਤਾ ਹੈ।
ਪਰ ਜੇ ਤੁਸਾਂ ਮੈਨੂੰ ਲੱਭਣਾ ਹੈ,
ਤਾਂ ਹਰ ਦੇਸ਼ ਦੇ ਹਰ ਸ਼ਹਿਰ ਦੀ
ਹਰ ਗਲੀ ਦਾ ਬੂਹਾ ਠਕੋਰੋ।

17. **ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ :** **5**

(ੳ) ਰਾਧਾ ਸੰਦੇਸ਼

(ਅ) ਹਵਾ ਦਾ ਜੀਵਨ

(ੲ) ਜਲ ਕਣ

18. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ :** **5**

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਤੀਜੇ ਅੰਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੇ ਦੀਨ ਦਿਆਲ ਕਪੂਰ ਦਾ ਚਰਿੱਤਰ ਚਿਤਰਣ ਕਰੋ।

19. **ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇਕ ਲੇਖ ਦਾ ਸਾਰ 40-50 ਸ਼ਬਦਾਂ ਵਿੱਚ ਲਿਖੋ :** **5**

(ੳ) ਠਾਣੇਦਾਰੀ

(ਅ) ਸੱਭਿਅਤਾ ਦੇ ਦੋ ਪੱਧਰ

(ੲ) ਸ਼ੀਸ਼ੇ-ਸਾਹਮਣੇ

✡ ✡ ✡ ✡ ✡ ✡

Downloaded from cclchapter.com